# ਈਐਮਆਈ ਆਫ਼ਰਾਂ, ਬੈਲੇਂਸ ਟ੍ਰਾਂਸਫ਼ਰਾਂ ਅਤੇ ਕਾਰਡ ਦੇ ਬਦਲੇ ਲੋਨਾਂ ਲਈ ਨਿਯਮ ਅਤੇ ਸ਼ਰਤਾਂ

1. ਰਕਮ, ਵਿਆਜ ਦਰ, ਮਿਆਦ, ਪ੍ਰੋਸੈਸਿੰਗ ਫ਼ੀਸ ਅਤੇ ਪ੍ਰੀ-ਕਲੋਜ਼ਰ ਚਾਰਜਜ਼ ਤੁਹਾਨੂੰ ਸਹੂਲਤ ਜਾਰੀ ਕਰਨ ਦੇ ਸਮੇਂ ਦੱਸੇ ਜਾਣਗੇ।
2. ਕੋਈ ਵੀ ਬੈਲੇਂਸ ਟ੍ਰਾਂਸਫ਼ਰ ਆਫ਼ਰ ਜਾਂ ਕ੍ਰੈਡਿਟ ਕਾਰਡ ਦੇ ਬਦਲੇ ਲੋਨ ਹੋ ਸਕਦਾ ਹੈ ਕਿ ਈਐਮਆਈ ਸਹੂਲਤ ਦੇ ਨਾਲ ਮਿਲੇ ਜਾਂ ਨਾ।
3. ਇਹਨਾਂ ਸਹੂਲਤਾਂ ਲਈ ਇੱਕ ਵੱਖਰਾ ਲੋਨ ਅਕਾਊਂਟ ਖੋਲ੍ਹਿਆ ਜਾਏਗਾ। ਅਕਾਊਂਟ ਨੰਬਰ ਤੁਹਾਡੀ ਕਾਰਡ ਸਟੇਟਮੈਂਟ'ਤੇ ਦਿਖਾਈ ਦੇਵੇਗਾ ਅਤੇ ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਹਰ ਖਾਤੇ ਲਈ ਵਿਅਕਤੀਗਤ ਰੂਪ ਵਿੱਚ ਭੁਗਤਾਨ ਕਰੋ। ਜੇ ਤੁਸੀਂ ਇੱਕੋ ਚੈੱਕ/ਡੀਡੀ ਰਾਹੀਂ ਮਲਟੀਪਲ ਕਾਰਡ ਅਕਾਊਂਟਾਂ ਦੀਆਂ ਬਕਾਇਆ ਰਕਮਾਂ ਲਈ ਭੁਗਤਾਨ ਕਰ ਰਹੇ ਹੋ, ਤਾਂ ਇਹ ਤੁਹਾਡੇ ਕਿਸੇ ਇੱਕ ਅਕਾਊਂਟ ਨੰਬਰ ਦੇ ਨਾਂ ਹੋਣਾ ਚਾਹੀਦਾ ਹੈ ਅਤੇ ਚੈੱਕ/ਡੀਡੀ ਦੇ ਪਿਛਲੇ ਪਾਸੇ ਭੁਗਤਾਨ ਦੀ ਵੰਡ-ਵੰਡਾਈ ਦਾ ਸਪਸ਼ਟ ਵੇਰਵਾ ਤੇ ਹਦਾਇਤਾਂ ਦੇਣੀਆਂ ਚਾਹੀਦੀਆਂ ਹਨ।
4. ਜਦ ਤਕ ਸਪਸ਼ਟ ਤੌਰ'ਤੇ ਨਿਰਧਾਰਿਤ ਨਾ ਕੀਤਾ ਗਿਆ ਹੋਵੇ, ਤੁਹਾਡੇ ਕ੍ਰੈਡਿਟ ਕਾਰਡ ਦੇ ਬਦਲੇ ਮਨਜ਼ੂਰ ਹੋਈ ਲੋਨ ਦੀ ਰਕਮ ਤੁਹਾਡੇ ਕ੍ਰੈਡਿਟ ਕਾਰਡ ਦੀ ਸੀਮਾ ਦਾ ਇੱਕ ਭਾਗ ਹੈ। ਐਸੇ ਮਾਮਲੇ ਵਿੱਚ, ਤੁਹਾਡੇ ਕ੍ਰੈਡਿਟ ਕਾਰਡ ਦੀ ਸੀਮਾ ਕ੍ਰੈਡਿਟ ਕਾਰਡ ਦੇ ਬਦਲੇ ਲਏ ਗਏ ਲੋਨ ਦੇ ਬਕਾਇਆ ਮੂਲ ਦੀ ਹੱਦ ਤਕ ਰੋਕ ਦਿੱਤੀ ਜਾਏਗੀ। ਤੁਸੀਂ ਜਿਵੇਂ ਅਤੇ ਜਦੋਂ ਆਪਣੀ ਲਾਗੂ ਮਾਸਿਕ ਈਐਮਆਈ/ਰਕਮ ਅਦਾ ਕਰੋ, ਤਾਂ ਤੁਹਾਡੀ ਉਪਲਬਧ ਕ੍ਰੈਡਿਟ ਸੀਮਾ ਭੁਗਤਾਏ ਗਏ ਮੂਲ ਦੀ ਰਕਮ ਅਨੁਸਾਰ ਵਧ ਜਾਏਗੀ।
5. ਤੁਹਾਡੀ ਮਾਸਿਕ ਸਟੇਟਮੈਂਟ ਵਿੱਚ ਪ੍ਰਦਰਸ਼ਿਤ ਉਪਲਬਧ ਕ੍ਰੈਡਿਟ ਸੀਮਾ, ਤੁਹਾਡੇ ਈਐਮਆਈ ਲੋਨ ਅਕਾਊਂਟਾਂ'ਤੇ ਬੈਲੇਂਸ ਟ੍ਰਾਂਸਫ਼ਰਾਂ, ਪੇਸ਼ਗੀਆਂ ਦੀਆਂ ਬਕਾਇਆ ਰਕਮਾਂ ਅਤੇ ਅਣਭੁਗਤਾਈ ਮੂਲ ਰਕਮ ਨਾਲ ਸੰਬੰਧਿਤ ਸਭ ਬਕਾਇਆਂ ਦੀ ਕਾਰਕ ਹੈ।
6. ਸਾਰੇ ਈਐਮਆਈ ਅਕਾਊਂਟ ਲਈ, ਕਿਰਪਾ ਕਰਕੇ ਹੇਠਾਂ ਸਟੇਟਮੈਂਟ ਦੀ ਇੱਕ ਸੈਂਪਲ ਕਾਪੀ ਵੇਖੋ। ਇਹ ਈਐਮਆਈ ਅਕਾਊਂਟਾਂ ਲਈ ਸਾਡੇ ਬਿੱਲਿੰਗ ਸਿਸਟਮ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰੇਗੀ।



7. ਈਐਮਆਈ ਹਰ ਮਹੀਨੇ ਤੁਹਾਡੀ ਘੱਟੋਘੱਟੋ ਬਕਾਇਆ ਰਕਮ ਵਿੱਚ ਜਮ੍ਹਾ ਕਰ ਦਿੱਤੀ ਜਾਏਗੀ, ਅਤੇ ਜੇ ਦੱਸੀ ਗਈ ਬਾਕੀ ਦੇਣਯੋਗ ਤਾਰੀਕ ਤਕ ਘੱਟੋਘੱਟ ਬਕਾਇਆ ਰਕਮ ਅਦਾ ਨਹੀਂ ਕੀਤੀ ਜਾਂਦੀ ਤਾਂ ਹਰਜਾਨੇ ਦੇ ਚਾਰਜਜ਼ ਲਗਾਏ ਜਾਣਗੇ। ਈਐਮਆਈ ਅਤੇ ਇਸ ਲਈ ਬਕਾਇਆ ਘੱਟੋਘੱਟ ਰਕਮ ਤੁਹਾਡੀ ਕ੍ਰੈਡਿਟ ਕਾਰਡ ਸੀਮਾ ਦਾ ਇੱਕ ਭਾਗ ਹੋਏਗੀ। ਜੇ ਬਕਾਇਆ ਰਕਮ (ਈਐਮਆਈ ਸਮੇਤ) ਕ੍ਰੈਡਿਟ ਸੀਮਾ ਤੋਂ ਵਧ ਜਾਏ, ਤਾਂ ਤੁਸੀਂ ਲਾਗੂ ਹੋਣ ਅਨੁਸਾਰ ਓਵਰ ਲਿਮਿਟ ਚਾਰਜਜ਼ ਅਦਾ ਕਰਨ ਲਈ ਦੇਣਦਾਰ ਹੋਵੋਗੇ।

8. ਇਹ ਵਿਸ਼ੇਸ਼ ਪ੍ਰੋਮੋਸ਼ਨਲ ਆਫ਼ਰਾਂ ਸਿਰਫ਼ ਨਵੇਂ ਕਾਰਡ ਮੈਂਬਰਾਂ ਦੀ ਚੋਣ ਕਰਨ ਕਰਕੇ ਹਨ। ਕਾਰਡ ਮੈਂਬਰ ਪੂਰੀ ਤਰ੍ਹਾਂ ਸਟੈਂਡਰਡ ਚਾਰਟਰਡ ਬੈਂਕ (''ਦਿ ਬੈਂਕ'') ਦੀ ਹੀ ਮਰਜ਼ੀ'ਤੇ ਚੁਣੇ ਜਾਂਦੇ ਹਨ। ਹੋ ਸਕਦਾ ਹੈ ਕਿ ਭਵਿੱਖ ਵਿੱਚ ਬੈਂਕ ਆਪਣੀ ਮਰਜ਼ੀ ਅਨੁਸਾਰ ਐਸੀਆਂ ਆਫ਼ਰਾਂ ਲੈ ਕੇ ਨਾ ਆਵੇ।

9. ਲੋਨ ਦੀ ਰਕਮ, ਲਾਗੂ ਵਿਆਜ, ਪ੍ਰੋਸੈਸਿੰਗ ਫ਼ੀਸ ਅਤੇ ਸਰਵਿਸ ਟੈਕਸ (ਈਐਮਆਈ ਦੇ ਵਿਆਜ ਭਾਗ'ਤੇ) ਤੁਹਾਡੀ ਮਾਸਿਕ ਕ੍ਰੈਡਿਟ ਸਟੇਟਮੈਂਟ ਵਿੱਚ ਵਿਖਾਈ ਜਾਏਗੀ।

10. ਬੈਂਕ ਨੇ ਇਹ ਅਧਿਕਾਰ ਆਪਣੇ ਕੋਲ ਸੁਰੱਖਿਅਤ ਰੱਖਿਆ ਹੈ ਕਿ ਉਹ ਕਿਸੇ ਵੀ ਸਮੇਂ ਸਾਰੀਆਂ ਸ਼ਰਤਾਂ ਅਤੇ ਨਿਯਮਾਂ ਜਾਂ ਕਿਸੇ ਵੀ ਇੱਕ ਵਿੱਚ ਵਾਧਾ ਕਰ ਸਕੇ, ਬਦਲ ਸਕੇ, ਸੰਸ਼ੋਧਤ ਕਰ ਸਕੇ ਜਾਂਉਹਨਾਂ ਵਿੱਚ ਫ਼ਰਕ ਪਾ ਸਕੇ, ਜਾਂ ਕਿਸੇ ਹੋਰ ਇਸੇ ਤਰ੍ਹਾਂ ਦੀ ਜਾਂ ਵੱਖਰੀ ਸਕੀਮ ਨਾਲ ਇਸ ਸੀਕਮ ਨੂੰ ਪੂਰੀ ਤਰ੍ਹਾਂ ਜਾਂ ਆਂਸ਼ਕ ਤੌਰ'ਤੇ ਬਦਲ ਸਕੇ, ਜਾਂ ਫਿਰ ਇਸ ਨੂੰ ਪੂਰੀ ਤਰ੍ਹਾਂ ਵਾਪਸ ਹੀ ਲੈ ਲਏ।

11. ਸਟੈਂਡਰਡ ਚਾਰਟਰਡ ਬੈਂਕ ਨੇ ਇਹ ਅਧਿਕਾਰ ਸੁਰੱਖਿਅਤ ਰੱਖਿਆ ਹੈ ਕਿ ਲੋਨ ਨੂੰ ਫ਼ੋਰਕਲੋਜ਼ ਕਰਕੇ, ਪੂਰੀ ਬਕਾਇਆ ਰਕਮ ਡੈਬਿਟ ਕਰ ਦੇਵੇ, ਜੇ ਅਗੇਤੀਆਂ ਅਦਾਇਗੀਆਂ ਓਵਰਡਿਊ ਹਨ, ਜਾਂ ਜੇ ਕਾਰਡ ਹੀ ਰੱਦ ਹੋ ਜਾਂਦਾ ਹੈ।

12. ਜੇ ਕੋਈ ਭਾਗੀਦਾਰ ਇਸ ਸਕੀਮ ਦੇ ਕਾਰਨ ਕਿਸੇ ਵੀ ਅਮਲ ਕਰਕੇ ਕੋਈ ਨ ਕਸਾਨ ਉਠਾਉਂਦਾ ਹੈ, ਤਾਂ ਉਹ ਇਸ ਨੁਕਸਾਨ, ਲਾਗਤ, ਦਾਅਵੇ, ਚਾਰਜਜ਼ ਲਈ ਸਟੈਂਡਰਡ ਚਾਰਟਰਡ ਬੈਂਕ ਨੂੰ ਜ਼ਿੰਮੇਵਾਰ ਜਾਂ ਦੇਣਦਾਰ ਨਹੀਂ ਠਹਿਰਾਏਗਾ।

13. ਜੇ ਤੁਹਾਡਾ ਸਟੈਂਡਰਡ ਚਾਰਟਰਡ ਬੈਂਕ ਕ੍ਰੈਡਿਟ ਕਾਰਡ ਸਾਰੀਆਂ ਕਿਸ਼ਤਾਂ ਦੇ ਚਾਰਜ ਕੀਤੇ ਜਾਣ ਤੋਂ ਪਹਿਲਾਂ ਹੀ ਬੰਦ ਹੋ ਜਾਂਦਾ ਹੈ, ਜਾਂ ਤੁਹਾਡਾ ਈਐਮਆਈ ਅਕਾਊਂਟ ਪ੍ਰੀ-ਕਲੋਜ਼ ਹੋ ਜਾਂਦਾ ਹੈ, ਤਾਂ ਪ੍ਰੀ-ਕਲੋਜ਼ਰ ਚਾਰਜਜ਼ ਸਮੇਤ ਬਕਾਇਆ ਲੋਨ ਰਕਮ ਇੱਕੋ ਇਕੱਠੀ ਕੀਤੀ ਰਕਮ ਵਜੋਂ ਤੁਹਾਡੇ ਕ੍ਰੈਡਿਟ ਕਾਰਡ'ਤੇ ਡੇਬਿਟ ਕਰ ਦਿੱਤੀ ਜਾਏਗੀ। ਇਸ ਤੋਂ ਬਾਅਦ, ਜੇ ਇਸ ਦੇ ਹੱਕ ਵਿੱਚ ਕੋਈ ਆਂਸ਼ਕ ਭੁਗਤਾਨ ਕੀਤਾ ਜਾਏ, ਜਾਂ ਕੋਈ ਵੀ ਭੁਗਤਾਨ ਨਾ ਕੀਤਾ ਜਾਏ, ਤਾਂ ਇਸ ਨੂੰ ਤੁਹਾਡੇ ਕਾਰਡ ਅਕਾਊਂਟ'ਤੇ ਬਕਾਇਆ ਹੀ ਸਮਝਿਆ ਜਾਏਗਾ ਅਤੇ ਇਸ ਉੱਤੇ ਵਿੱਤੀ ਚਾਰਜਜ਼ ਲੱਗਣਗੇ (ਜਿਵੇਂ ਕਿ ਕ੍ਰੈਡਿਟ ਕਾਰਡ ਉੱਤੇ ਲਾਗੂ ਟੀ ਐਂਡ ਸੀ ਅਨੁਸਾਰ)।

14. ਇੱਥੇ ਸ਼ਾਮਲ ਕੁਝ ਵੀ ਕਾਰਡ ਮੈਂਬਰ ਦੇ ਇਕਰਾਰਨਾਮੇ ਦੀਆਂ ਸ਼ਰਤਾਂ ਅਤੇ ਨਿਯਮਾਂ ਲਈ ਵਿਤਕਰਾ ਨਹੀਂ ਕਰੇਗਾ, ਨਾ ਹੀ ਉਹਨਾਂ ਨੂੰ ਪ੍ਰਭਾਵਿਤ ਕਰੇਗਾ। ਇਸ ਇਕਰਾਰਨਾਮੇ ਦੀਆਂ ਸ਼ਰਤਾਂ ਬੈਂਕ ਦੇ ਕਾਰਡ ਮੈਂਬਰ ਦੇ ਨਿਯਮਾਂ ਅਤੇ ਕਾਇਦਿਆਂ ਤੋਂ ਅਤਿਰਿਕਤ ਹੋਣਗੀਆਂ ਅਤੇ ਉਹਨਾਂ ਦਾ ਨਿਰਾਦਰ ਨਹੀਂ ਕਰਨਗੀਆਂ।

15. ਜੇ ਤੁਸੀਂ ਲੋਨ ਦੇ ਵੇਰਵੇ, ਵਿਆਜ ਦਰ, ਲਾਗੂ ਚਾਰਜਜ਼, ਜਾਂ ਨਿਯਮਾਂ ਅਤੇ ਸ਼ਰਤਾਂ ਨਾਲ ਸਹਿਮਤ ਨਾ ਹੋਵੋ, ਤਾਂ ਬੇਨਤੀ ਹੈ ਕਿ ਤੁਸੀਂ ਬੈਂਕ ਦੀ ਹੈਲਪ ਲਾਈਨ'ਤੇ ਕਾਲ ਕਰਕੇ 15 ਦਿਨਾਂ ਦੇ ਅੰਦਰ ਲੋਨ ਨੂੰ ਰੱਦ ਕਰ ਦਿਓ, ਨਹੀਂ ਤਾਂ ਇਹ ਸਮਝ ਲਿਆ ਜਾਏਗਾ ਕਿ ਲੋਨ ਅਤੇ ਇੱਥੇ ਸ਼ਾਮਲ ਨਿਯਮਾਂ ਤੇ ਸ਼ਰਤਾਂ ਨੂੰ ਸਵੀਕਾਰ ਕਰ ਲਿਆ ਗਿਆ ਹੈ, ਅਤੇ ਇਸ ਲਈ ਤੁਸੀਂ ਡੀਮਾਂਡ ਡ੍ਰਾਫ਼ਟ ਦੀ ਤਾਰੀਖ਼ ਤੋਂ ਹੀ, ਦਿੱਤੀ ਗਈ ਰਕਮ ਉੱਤੇ ਵਿਆਜ ਅਦਾ ਕਰ ਦੇ ਦੇਣਦਾਰ ਬਣ ਜਾਓਗੇ।

16. ਉਸ ਤੋਂ ਬਾਅਦ ਕੋਈ ਸਵੈਇੱਛੁਕ ਰੱਦੀਕਰਨ ਨਹੀਂ ਕੀਤਾ ਜਾਏਗਾ।

17. ਆਪਣਾ ਈਐਮਆਈ ਅਕਾਊਂਟ ਪ੍ਰੀ-ਕਲੋਜ਼ ਕਰਨ ਲਈ, ਕਿਰਪਾ ਕਰਕੇ ਹੈਲਪਲਾਈਨ ਨੰਬਰਾਂ'ਤੇ ਕਾਲ ਕਰੋ।